NEW SOUTH WALES
DEPARTMENT
OF EDUCATION
AND TRAINING

# ਕੰਮਪਊਟਰ ਹੁਨਰਾਂ ਦੀ ਨਿਪੁੰਨਤਾ ਦੀ ਪ੍ਰੀਖਿਆ
# Computer Skills Assessment

ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ
Information sheet for parents and caregivers

ਹਰ ਸਾਲ ਮਈ ਵਿਚ Year 6 ਦੇ ਵਿਦਿਆਰਥੀ ਕੰਮਪਊਟਰ ਹੁਨਰਾਂ ਦੀ ਨਿੰਪੁਨਤਾ ਦੀ ਪ੍ਰੀਖਿਆ (Computer Skills Assessment - CSA6) ਵਿਚਲੇ ਪੈਨਸਲ-ਕਾਗਜ਼ (ਪੈਨਸਲ-ਪੇਪਰ) ਭਾਗ ਵਿਚ ਹਿਸਾ ਲੈਂਦੇ ਹਨ ।

ਇਹ ਪ੍ਰੀਖਿਆ Student Assessment and Reporting Unit of the Department of Education and Training ਵਲੋਂ ਤਿਆਰ ਕੀਤੀ ਜਾਂਦੀ ਹੈ ਅਤੇ ਇਹ ਵਿਦਿਆਰਥੀਆਂ ਦੀ ਕੰਮਪਊਟਰ ਜਾਣਕਾਰੀ ਅਤੇ ਸਮਝ ਬਾਰੇ ਇਕ ਵਿਸਤ੍ਰਿਤ ਪ੍ਰੀਖਿਆ ਹੁੰਦੀ ਹੈ ।

ਵਿਦਿਆਰਥੀਆਂ ਨੂੰ ਆਪਣਾ ਨਾਮ, ਲਿੰਗ, ਜਨਮ ਦੀ ਤਾਰੀਖ ਅਤੇ ਉਨ੍ਹਾਂ ਦੇ Aboriginal ਜਾਂ Torres Strait Islander ਹੋਣਾ ਜਾਂ ਅੰਗਰੇਜ਼ੀ ਬੋਲਣ ਜਾਂ ਨਾਂ ਬੋਲਣ ਵਾਲੇ ਪਿਛੋਕੜ ਵਿਚੋਂ ਹੋਣ ਬਾਰੇ ਜਾਣਕਾਰੀ ਦੇਣ ਦੀ ਲੋੜ ਹੁੰਦੀ ਹੈ ।

ਇਸ ਜਾਣਕਾਰੀ ਨਾਲ ਵਿਦਿਆਰਥੀਆਂ ਦੀ ਕੰਮਪਊਟਰ ਸਮਝ ਅਤੇ ਨਿਪੁੰਨਤਾ ਬਾਰੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ । ਇਸ ਜਾਣਕਾਰੀ ਨੂੰ ਗੁਪਤ ਅਤੇ ਸੁਰੱਖਿਅਕ ਰਖਿਆ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਦੇ ਪਰਾਈਵੇਸੀ (ਪਰਦੇ) ਦੇ ਹੱਕ ਦਾ ਖਿਆਲ ਰੱਖਿਆ ਜਾ ਸੱਕੇ । ਕਿਸੇ ਵਿਦਿਆਰਥੀ ਵਲੋਂ ਦਿਤੀ ਜਾਣਕਾਰੀ ਬਦਲਾਉਣ ਲਈ ਕਿਸੇ ਸਮੇ ਵੀ ਇਨ੍ਹਾਂ ਨੂੰ ਫੋਨ ਕੀਤਾ ਜਾ ਸਕਦਾ ਹੈ, Student Assessment and Reporting ਨੰਬਰ ਹੈ (02) 9707 6283.

ਇਸ ਪ੍ਰੀਖਿਆ ਦੇ ਨਤੀਜੇ ਕੁਝ ਇਹੋ ਜਿਹੀ ਮਹੱਤਵਪੂਰਨ ਜਾਣਕਾਰੀ ਦੇ ਸਕਦੇ ਹਨ, ਕਿ ਹਰ ਇਕ ਵਿਦਿਆਰਥੀ ਕੀ ਕਰਣ ਦੇ ਯੋਗ ਹੈ, ਅਤੇ ਇਸ ਵਲ ਵੀ ਧਿਆਨ ਦਿਵਾ ਸਕਦੇ ਹਨ ਕਿ ਕਿਸ ਵਿਦਿਆਰਥੀ ਨੂੰ ਕਿਸ ਵਿਸ਼ੇ ਤੇ ਸਹਾਇਤਾ ਦੀ ਲੋੜ ਹੋ ਸਕਦੀ ਹੈ । ਇਹ ਰੀਪੋਟਾਂ ਸਕੂਲਾਂ ਨੈ ਭੇਜੀਆਂ ਜਾਂਦੀਆਂ ਹਨ, ਅਤੇ ਇਨ੍ਹਾਂ ਨਾਲ ਵਿਦਿਆਰਥੀਆਂ ਦੇ ਕੰਮਪਊਟਰ ਪੜ੍ਹਨ ਅਤੇ ਪੜ੍ਹਾਉਣ ਵਾਲੇ ਪ੍ਰੋਗਰਾਮਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ ।

ਇਸ ਦੇ ਨਾਲ ਹੀ ਹਰੇਕ ਵਿਦਿਆਰਥੀ ਦੇ ਮਾਪਿਆਂ ਜਾਂ ਸੰਭਾਲਕਾਂ ਨੂੰ ਵਿਦਿਆਰਥੀ ਦੀ ਪ੍ਰੀਖਿਆ ਵਿੱਚਲੀ ਨਿਪੁੰਨਤਾ ਬਾਰੇ ਰੀਪੋਟ ਭੇਜੀ ਜਾਂਦੀ ਹੈ । ਤੁਹਾਡੇ ਬੱਚੇ ਦੇ CSA6 ਵਿਚ ਸ਼ਾਮਲ ਹੋਣ ਕਰਕੇ ਜਿਹੜੀ ਜਾਣਕਾਰੀ ਤੁਹਾਨੂੰ ਦਿਤੀ ਜਾਵੇਗੀ, ਉਸ ਨਾਲ ਤੁਸੀਂ ਆਪਣੇ ਬੱਚੇ ਦੀ ਕੰਮਪਊਟਰ ਵਿਚ ਨਿਪੁੰਨਤਾ ਬਾਰੇ ਅੰਦਾਜ਼ਾ ਲਗਾ ਸਕੋਗੇ ।

ਜੇ ਤੁਸੀਂ ਇਸ ਰੀਪੋਟ ਦੇ ਕਿਸੇ ਪਖ ਬਾਰੇ ਆਪਣੇ ਬਚੇ ਦੇ ਅਧਿਆਪਕ ਨਾਲ ਵੀਚਾਰ ਕਰਨੀ ਚਾਹੋ, ਤਾਂ ਅਧਿਆਪਕ ਨੂੰ ਮਿਲਣ ਲਈ ਸਕੂਲ ਨੂੰ ਫੋਨ ਕਰੋ । ਜੇ ਸਮਾ ਨਿਯੁਕਤ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਟੈਲੀਫੋਨ ਇੰਟਰਪ੍ਰੇਟਰ ਸਰਵਿੱਸ (Telephone Interpreter Service) ਨੂੰ ਇਸ ਨੰਬਰ ਤੇ ਫੋਨ ਕਰੋ 131 450 ਅਤੇ ਉਹ ਤੁਹਾਡੇ ਲਈ ਸਕੂਲ ਨੂੰ ਫੋਨ ਕਰ ਦੇਣਗੇ । ਜੇ ਲੋੜ ਹੋਵੇ, ਸਕੂਲ ਵਲੋਂ ਇਕ ਦੁਭਾਸ਼ੀਏ ਨੂੰ ਮੀਟਿੰਗ ਸਮੇ ਹਾਜ਼ਰ ਹੋਣ ਲਈ ਵੀ ਬੁਲਾਇਆ ਜਾ ਸਕਦਾ ਹੈ । ਇਹ ਸੇਵਾਵਾਂ ਤੁਹਾਡੇ ਲਈ ਮੁਫਤ ਹਨ ।

All content copyright
NSW Department of Education and Training
© April 2003

Punjabi